# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
ਸਮੂਹ ਸਕੂਲ ਮੁੱਖ (ਵੈਬਸਾਈਟ ਰਾਹੀਂ)
ਸਬੰਧਤ ਅਧਿਆਪਕ

ਮੀਮੋ ਨੰ. SCERT/2017,OP/UP/2014,2018 2062 ਮਿਤੀ :- 13.02.2018

**ਵਿਸ਼ੇ:- 8ਵੀਂ ਜਮਾਤ ਦਾ SA-2, 2017-18 ਲਈ ਨਮੂਨੇ ਦਾ ਪੰਜਾਬੀ ਵਿਸ਼ੇ ਦੇ ਮਾਡਲ ਪ੍ਰਸ਼ਨ-ਪੱਤਰ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਾਣਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਆਦੇਸ਼ਾਂ ਹਿੱਤ, ਅੱਠਵੀਂ ਜਮਾਤਾਂ ਦਾ ਪੰਜਾਬੀ ਵਿਸ਼ੇ ਦਾ SA-2, 2017-18 ਲਈ ਮਾਡਲ ਪ੍ਰਸ਼ਨ-ਪੱਤਰ ਤਿਆਰ ਕੀਤਾ ਗਿਆ ਹੈ। ਅਧਿਆਪਕ ਵਰਗ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬ ਸਕੂਲ ਸਿਖਿਆ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾ ਰਿਹਾ ਹੈ।

ਨੱਥੀ :- 1. ਮਾਡਲ ਪ੍ਰਸ਼ਨ-ਪੱਤਰ ਅੱਠਵੀਂ ਵਿਸ਼ਾ ਪੰਜਾਬੀ ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

ਸਾਡੀ ਪਿੱਠ ਤੇ ਖੜਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ,
ਅਸੀਂ ਜਾਣਦੇ ਕਿੰਝ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ।

# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਮੋਹਾਲੀ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221


ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ)
ਸਮੂਹ ਸਕੂਲ ਮੁੱਖ (ਵੈਬਸਾਈਟ ਰਾਹੀਂ)
ਸਬੰਧਤ ਅਧਿਆਪਕ

ਮੀਮੋ ਨੰ. SCERT/2017,QP/UP/2014,20182062 ਮਿਤੀ :- 13.02.2018

**ਵਿਸ਼ੇ:- 8ਵੀਂ ਜਮਾਤ ਦਾ SA-2, 2017-18 ਲਈ ਨਮੂਨੇ ਦਾ ਪੰਜਾਬੀ ਵਿਸ਼ੇ ਦੇ ਮਾਡਲ ਪ੍ਰਸ਼ਨ-ਪੱਤਰ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਮਾਣਯੋਗ ਸਕੱਤਰ ਸਕੂਲ ਸਿੱਖਿਆ ਪੰਜਾਬ ਜੀ ਦੇ ਆਦੇਸ਼ਾਂ ਹਿੱਤ, ਅੱਠਵੀਂ ਜਮਾਤਾਂ ਦਾ ਪੰਜਾਬੀ ਵਿਸ਼ੇ ਦਾ SA-2, 2017-18 ਲਈ ਮਾਡਲ ਪ੍ਰਸ਼ਨ-ਪੱਤਰ ਤਿਆਰ ਕੀਤਾ ਗਿਆ ਹੈ। ਅਧਿਆਪਕ ਵਰਗ ਅਤੇ ਵਿਦਿਆਰਥੀਆਂ ਦੀ ਸਹੂਲਤ ਲਈ ਪੰਜਾਬ ਸਕੂਲ ਸਿਖਿਆ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾ ਰਿਹਾ ਹੈ।

ਨੱਥੀ :- 1. ਮਾਡਲ ਪ੍ਰਸ਼ਨ-ਪੱਤਰ ਅੱਠਵੀਂ ਵਿਸ਼ਾ ਪੰਜਾਬੀ ।

ਡਾਇਰੈਕਟਰ
ਐਸ.ਸੀ.ਈ.ਆਰ.ਟੀ, ਪੰਜਾਬ

# ਕਲਾਸ ਅੱਠਵੀਂ

## ਪੇਪਰ ਪੰਜਾਬੀ – SA2 (ਨਮੂਨਾ ਪ੍ਰਸ਼ਨ ਪੱਤਰ)

ਸਮਾਂ : 03 ਘੰਟੇ ਕੁੱਲ ਅੰਕ : 90

*ਵਿਸਥਾਰ ਸਹਿਤ ਉੱਤਰ ਦਿਓ:-*

1. (ੳ) "ਉਹ ਦਿਨ ਦੂਰ ਨਹੀਂ ਜਦੋਂ ਲੋਹੜੀ ਧੀਆਂ ਤੇ ਪੁੱਤਰਾਂ ਦਾ ਸਾਂਝਾ ਤਿਉਹਾਰ ਬਣ ਜਾਵੇਗਾ" ਇਸ ਬਾਰੇ ਆਪਣੇ ਵਿਚਾਰ ਲਿਖੋ? (5)

ਜਾਂ

(ਅ) ਕਿਹੜੀਆਂ ਗੱਲਾਂ ਤੋਂ ਲੇਖਕ ਅਤੇ ਗੱਗੂ ਦੇ ਪਿਆਰ ਦਾ ਪਤਾ ਲੱਗਦਾ ਹੈ।

2. ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਦਿਓ:-

ੳ) ਲੋਕਾਂ ਵੱਲੋਂ ਰੁੱਖਾਂ ਦੀ ਅਨ੍ਹੇਵਾਹ ਕੀਤੀ ਕਟਾਈ ਦਾ ਕੀ ਨਤੀਜਾ ਨਿਕਲਿਆ?

ਅ) ਲੋਹੜੀ ਸ਼ਬਦ ਕਿਵੇਂ ਹੋਂਦ ਵਿੱਚ ਆਇਆ?

ੲ) ਜ਼ਲ੍ਹਿਆਂ ਵਾਲੇ ਬਾਗ਼ ਦੀ ਘਟਨਾ ਦਾ ਟੈਗੋਰ ਦੇ ਮਨ 'ਤੇ ਕੀ ਅਸਰ ਪਿਆ?

ਸ) "ਅਮੜੀ ਦਾ ਵਿਹੜਾ" ਕਵਿਤਾ ਵਿੱਚ ਬਚਪਨ ਦੀਆਂ ਕਿਹੜੀਆਂ - ਕਿਹੜੀਆਂ ਮੌਜਾਂ ਅਤੇ ਖ਼ੁਸ਼ੀਆਂ ਦਾ ਵਰਨਣ ਹੈ।

ਹ) ਧਿਆਨ ਚੰਦ ਕੌਣ ਸੀ? ਉਸ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਂਦੀ ਹੈ?

ਕ) ਮਣ੍ਹਾਂ ਕਿਸ ਨੂੰ ਕਹਿੰਦੇ ਹਨ?

ਖ) ਚਾਚਾ ਬਲ਼ਦਾ ਨੂੰ ਕੀ ਕਰਦਾ ਹੈ? (5×3) 15

3. ਕੋਈ ਦੋ ਪ੍ਰਸ਼ਨਾਂ ਦੇ ਉੱਤਰ ਦਿਓ:-

ੳ) ਭੂਆ ਨੇ ਆਪਣੇ ਭਤੀਜੇ ਲਈ ਮੋਹ ਕਿਵੇਂ ਪ੍ਰਗਟ ਕੀਤਾ?

ਅ) ਲੇਖਕ ਨੇ ਰੱਬ ਦੀ ਪੌੜੀ ਕਿਸ ਨੂੰ ਕਿਹਾ ਅਤੇ ਇਹ ਕਿਥੇ ਸਥਿਤ ਹੈ?

ੲ) ਨੱਥ ਨਾਲ ਗੱਗੂ ਦੇ ਨੱਕ ਦਾ ਕੀ ਹਾਲ ਹੋਇਆ?

ਸ) ਵਿੱਦਿਆ ਆਪਣੀ ਧੀ ਦੇ ਭਵਿੱਖ ਬਾਰੇ ਕੀ ਸੋਚਦੀ ਹੈ ਅਤੇ ਕਿਉਂ? (2×4) 8

4. ਕਿਸੇ ਇੱਕ ਕਾਵਿ ਟੋਟੇ ਦਾ ਭਾਵ ਸਪਸ਼ਟ ਕਰੋ:-

ਚੱਲਦੀ ਘੁਲਾੜੀ ਕਿੰਨੀ ਚੰਗੀ ਲੱਗਦੀ,
ਬਲ਼ਦਾਂ ਦੀ ਜੋੜੀ ਅੱਗੇ-ਅੱਗੇ ਭੱਜਦੀ।
ਬਲ਼ਦਾਂ ਨੂੰ ਚਾਚਾ, ਚਾਵਾਂ ਨਾਲ ਹੱਕਦਾ,
ਵੇਲਣੇ 'ਚ ਗੰਨੇ ਦੇਂਦਾ, ਤਾਇਆ ਨਾ ਥੱਕਦਾ।

ਜਾਂ

ਸਾਡੀ ਪਿੱਠ ਤੇ ਖੜਾ ਇਤਿਹਾਸ ਸਾਡਾ,
ਸਾਨੂੰ ਮਾਣ ਹੈ ਲਹੂ ਦੇ ਰੰਗ ਉੱਤੇ,
ਅਸੀਂ ਜਾਣਦੇ ਕਿੰਝ ਕੁਰਬਾਨ ਹੋਣਾ,
ਸੋਹਣੇ ਦੇਸ਼ ਦੀ ਇੱਕ ਵੀ ਮੰਗ ਉੱਤੇ। 5

5. ਕਵਿਤਾ ਦੀਆਂ ਹੇਠ ਲਿਖੀਆਂ ਸਤਰਾਂ ਪੜ੍ਹ ਕੇ ਪ੍ਰਸ਼ਨ ਦਾ ਉੱਤਰ ਦਿਓ:-

ਗੁੜ ਖਾਂਦੇ ਭਿੰਨ-ਭੇਦ, ਕੋਈ ਨਾ ਵਿਚਾਰਦਾ,

ਗੁੜ ਵਾਲਾ ਚੱਕ ਸਭ ਨੂੰ ਪਿਆਰਦਾ।

ਪ੍ਰਸ਼ਨ :- ਗੁੜ ਵਾਲਾ ਚੱਕ ਕਿਸ ਨੂੰ ਪਿਆਰਦਾ ਹੈ? 3

6. ਸ਼ਬਦਾਂ ਦੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ : -

ਕੋਈ ਪੰਜ ਕਰੋ : - (ੳ) ਘੁਲਾਟੀ (ਅ) ਨਮੂਨਾ (ੲ) ਸਿਰਜਣਾ (ਸ) ਭੁੱਖਾ-ਭਾਣਾ

(ਹ) ਮੱਛੀ ਵਾਂਗ ਤੜਫਣਾ (ਕ) ਸੰਝ (ਖ) ਸਜਾਵਟ (ਗ) ਗੰਧਲਾ। (5×2) 10

7. ਕਿਸੇ ਇਕ ਵਿਸ਼ੇ ਤੇ ਲੇਖ ਲਿਖੋ : - (ੳ) ਮਨਭਾਉਂਦਾ ਸ਼ੁਗਲ (ਅ) ਰੁੱਖਾਂ ਦੇ ਲਾਭ (ੲ) ਸਕੂਲ ਦੀ ਲਾਇਬ੍ਰੇਰੀ

(ਸ) ਦਿਵਾਲੀ (ਹ) ਮਾਘੀ ਦਾ ਤਿਉਹਾਰ। 12

8. ਆਪਣੇ ਮਿੱਤਰ/ਸਹੇਲੀ ਨੂੰ ਪੱਤਰ ਰਾਹੀਂ ਚੰਗੀ ਪੁਸਤਕ ਪੜ੍ਹਨ ਲਈ ਪ੍ਰੇਰਿਤ ਕਰੋ।

ਜਾਂ

ਆਪਣੇ ਪਿੰਡ ਦੇ ਸਰਪੰਚ ਨੂੰ ਗਲੀਆਂ -ਨਾਲੀਆਂ ਦੇ ਪਾਣੀ ਦੇ ਨਿਕਾਸ ਸਬੰਧੀ ਪੱਤਰ ਲਿਖੋ। 8

9. ਕਿਸੇ ਇਕ ਵਿਸ਼ੇ ਤੇ ਕਹਾਣੀ ਲਿਖੋ : - (ੳ) ਹੰਕਾਰੀ ਬਾਰਾਸਿੰਗਾ ਜਾਂ (ਅ) ਸਿਆਣਾ ਕਾਂ 5

10. ਪੰਜਾਬੀ ਵਿੱਚ ਹੇਠ ਲਿਖੇ ਵਿਸ਼ਰਾਮ-ਚਿਨ੍ਹ ਸ਼ਾਬਦਿਕ ਰੂਪ ਵਿੱਚ ਲਿਖੇ ਗਏ ਹਨ ਉਨ੍ਹਾਂ ਦੇ ਸਾਹਮਣੇ ਬ੍ਰੈਕਟ ਵਿੱਚ ਉਨਾਂ ਦਾ ਚਿਨ੍ਹ ਬਣਾਉ: - (ੳ) ਪ੍ਰਸ਼ਨ ਚਿਨ੍ਹ ....( ) (ਅ) ਕੌਮਾਂ ...( ) (ੲ) ਦੁਬਿੰਦੀ .....( ) 3

11. ਸਮਾਨਰਥਕ ਸ਼ਬਦ ਲਿਖੋ : -

(ੳ) ਅਮੀਰ (ਅ) ਸਤਿਕਾਰ (ੲ) ਧਰਤੀ (ਸ) ਖੁਸ਼ੀ 4

12. ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ।

(ੳ) ਕਵਿਤਾ ਲਿਖਣ ਵਾਲਾ (ਅ) ਜਿਸ ਨੂੰ ਸਾਰੇ ਪਿਆਰ ਕਰਨ (ੲ) ਜਿਹੜਾ ਕੋਈ ਕੰਮ ਨਾ ਆਵੇ

(ਸ) ਜਿਸ ਸ਼ਬਦ ਦੇ ਅਰਥ ਹੋਣ 4

13. (ੳ) ਯੋਜਕ ਕੀ ਹੁੰਦਾ ਹੈ? ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ?

ਜਾਂ

(ਅ) ਵਾਕ ਦੀ ਪਰਿਭਾਸ਼ਾ ਦਿਓ ਅਤੇ ਇਸਦੀ ਕਿਸਮਾਂ ਬਾਰੇ ਉਦਾਹਰਣਾ ਸਹਿਤ ਜਾਣਕਾਰੀ ਦਿਓ। 4

14. ਹੇਠ ਲਿਖੇ ਵਾਕ ਕਿਸ ਕਾਲ ਨਾਲ ਸਬੰਧਤ ਹਨ:-

(ੳ) ਮੁੱਖ ਮੰਤਰੀ ਜੀ ਭਾਸ਼ਣ ਕਰ ਰਹੇ ਸਨ।

(ਅ) ਮੁੰਡੇ ਭੰਗੜਾ ਪਾ ਰਹੇ ਹਨ।

(ੲ) ਮੈਂ ਬਜਾਰ ਨਹੀਂ ਜਾਵਾਂਗਾ।

(ਸ) ਸਾਡਾ ਸਕੂਲ ਬਹੁਤ ਸੁੰਦਰ ਹੈ। 4